# ਕੰਮ ਕਰ ਰਹੇ ਹਨ
# ਸਮੋਕ ਅਲਾਰਮ



## ਇਹ ਕਾਨੂੰਨ ਹੈ
## ਇਹ ਤੁਹਾਡੀ ਜ਼ਿੰਦਗੀ ਹੈ

MISSISSAUGA
Leading today for tomorrow

# ਸਮੋਕ ਅਲਾਰਮ ਜ਼ਿੰਦਗੀਆਂ ਬਚਾਉਂਦੇ ਹਨ

ਘਰਾਂ ਵਿਚ ਬਹੁਤੀਆਂ ਜਾਨਲੇਵਾ ਅੱਗਾਂ ਰਾਤ ਨੂੰ ਲਗਦੀਆਂ ਹਨ, ਜਦੋਂ ਲੋਕ ਸੁਤੇ ਹੋਏ ਹੁੰਦੇ ਹਨ। ਆਮ ਵਿਸ਼ਵਾਸ ਤੋਂ ਉਲਟ, ਧੂੰਏਂ ਦੀ ਗੰਧ (ਬੋ) ਨਾਲ ਹੋ ਸਕਦਾ ਹੈ ਕਿ ਕਿਸੇ ਸੁਤੇ ਹੋਏ ਵਿਅਕਤੀ ਦੀ ਨੀਂਦ ਹੀ ਨਾ ਖੁੱਲੇ। ਅੱਗ ਤੋਂ ਪੈਦਾ ਹੋਈਆਂ ਜ਼ਹਿਰੀਲੀਆਂ ਗੈਸਾਂ ਅਤੇ ਧੂੰਏਂ ਨਾਲ ਇੰਦਰੀਆਂ ਸੁੰਨ ਹੋ ਜਾਂਦੀਆਂ ਹਨ ਉਸ ਨਾਲ ਤੁਹਾਨੂੰ ਡੂੰਘੀ ਨੀਂਦ ਪੈ ਸਕਦੀ ਹੈ ਜਾਂ ਤੁਸੀਂ ਬੇਹੋਸ ਵੀ ਹੋ ਸਕਦੀ ਹੋ। ਘਰਾਂ ਵਿਚ ਸਸਤੇ ਸਮੋਕ ਅਲਾਰਮ ਇਕ ਚੇਤਾਵਨੀ ਵਜਾਂਦੇ ਹਨ, ਅਤੇ ਤੁਹਾਨੂੰ ਅੱਗ ਬਾਰੇ ਚੌਕਸ ਕਰਦੇ ਹਨ। ਤੁਹਾਨੂੰ ਬਚਣ ਦਾ ਸਮਾਂ ਦੇਂਦੇ ਹਨ, ਸਮੋਕ ਅਲਾਰਮ ਘਰ ਵਿਚ ਲਗੀ ਅੱਗ ਤੋਂ ਮਰਨ ਦੇ ਖਤਰੇ ਨੂੰ ਘੱਟ ਕਰਦੇ ਹਨ।

**ਜਦੋਂ ਸਮੋਕ ਅਲਾਰਮ ਵਜਦਾ ਹੈ, ਤਾਂ ਸੁਰੱਖਿਅਤਾ ਵੱਲ ਜਾਣ ਲਈ, ਅਸਲੀ ਅੱਗ ਵਿਚ ਤੁਹਾਡੇ ਪਰਿਵਾਰ ਕੋਲ ਇਕ ਮਿੰਟ ਤੋਂ ਘੱਟ ਦਾ ਸਮਾਂ ਹੁੰਦਾ ਹੈ।**

# ਸਮੋਕ ਅਲਾਰਮਾਂ ਦਾ ਲਗਾਉਣਾ ਇਹ ਕਾਨੂੰਨ ਹੈ

ਨਵੇਂ ਕਾਨੂੰਨ ਅਨੁਸਾਰ ਤੁਹਾਡੇ ਘਰ ਦੀ ਹਰ ਪੱਧਰ ਤੇ ਇਕ "ਕੰਮ ਕਰ ਰਿਹਾ" ਸਮੋਕ ਅਲਾਰਮ ਲਗਿਆ ਹੋਣਾ ਚਾਹੀਦਾ ਹੈ।

*ਇਸ ਨਾਲ ਤੁਹਾਡੇ ਘਰ ਤੇ ਕੀ ਅਸਰ ਪੈਂਦਾ ਹੈ?*

**1990 ਤੋਂ ਹੁਣ ਤਕ ਬਣੇ ਹੋਏ ਘਰਾਂ ਲਈ**, ਹਰ ਪੱਧਰ ਤੇ ਬਿਜਲੀ ਨਾਲ ਆਪਸ ਵਿਚ ਜੁੜੇ ਹਏ ਸਮੋਕ ਅਲਾਰਮ ਪਹਿਲਾਂ ਹੀ ਹਰ ਲੈਵਲ ਤੇ ਲਗੇ ਹੋਏ ਹਨ। ਜਦੋਂ ਤਕ ਉਹ "ਕੰਮ ਕਰ ਰਹੇ ਹਨ" ਉਨ੍ਹਾਂ ਬਾਰੇ ਕੁਝ ਕਰਨ ਦੀ ਜ਼ਰੂਰਤ ਨਹੀਂ ਪਰ ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਸਮੋਕ ਅਲਾਰਮਾਂ ਨੂੰ ਬਦਲ ਦਿੱਤਾ ਜਾਏ ਜੋ 10 ਸਾਲ ਤੋਂ ਵੱਧ ਸਾਲ ਪੁਰਾਣੇ ਹਨ।

**1975 ਤੋਂ 1990 ਤਕ ਬਣੇ ਘਰਾਂ ਲਈ**, ਸੌਣ ਵਾਲੇ ਹਿੱਸਿਆਂ ਅਤੇ ਘਰ ਦੇ ਬਾਕੀ ਹਿੱਸਿਆਂ ਵਿਚਕਾਰ ਬਿਜਲੀ ਦਾ ਇਕ ਸਮੋਕ ਅਲਾਰਮ ਲਗਾ ਹੋਇਆ ਹੈ। ਦੂਜੀਆਂ ਮੰਜ਼ਲਾਂ ਤੇ ਉਸ ਅਸੁਰੱਖਿਅਤ ਪੱਧਰ ਤੇ ਇਕ ਨਵਾਂ ਸਮੋਕ ਅਲਾਰਮ ਲਗਾਉਣਾ ਜ਼ਰੂਰੀ ਹੈ। ਇਹ ਵੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਕਿ ਬਿਜਲੀ ਦੇ ਉਹ ਮੂਲ ਸਮੋਕ ਅਲਾਰਮ ਅਤੇ ਬੈਟਰੀ ਨਾਲ ਚਲਣ ਵਾਲੇ ਉਹ ਸਮੋਕ ਅਲਾਰਮ ਜੋ 10 ਸਾਲ ਤੋਂ ਵੱਧ ਪੁਰਾਣੇ ਹਨ, ਦੀ ਜਗ੍ਹਾ ਨਵੇਂ ਲਾਏ ਜਾਣ।

**1975 ਤੋਂ ਪਹਿਲਾਂ ਬਣੇ ਹੋਏ ਘਰਾਂ ਵਿਚ**, ਬਿਜਲੀ ਦੇ ਸਮੋਕ ਅਲਾਰਮ ਹੋਣ ਦੀ ਕੋਈ ਸੰਭਾਵਨਾ ਨਹੀਂ ਲਗਦੀ। ਹਰ ਮੰਜ਼ਲ ਤੇ ਇਕ "ਵਰਕਿੰਗ (ਕੰਮ ਕਰ ਰਿਹਾ)" ਸਮੋਕ ਅਲਾਰਮ ਜ਼ਰੂਰੀ ਹੈ। ਇਹ ਵੀ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਉਹ ਬੈਟਰੀ ਨਾਲ ਚਲਣ ਵਾਲਾ ਕੋਈ ਸਮੋਕ ਅਲਾਰਮ ਜੋ 10 ਤੋਂ ਵੱਧ ਸਾਲ ਦਾ ਪੁਰਾਣਾ ਹੈ, ਨੂੰ ਬਦਲ ਦਿੱਤਾ ਜਾਏ।


# ਸਮੋਕ ਅਲਾਰਮਾਂ ਨੂੰ ਬਦਲਣਾ

ਜੇ ਤੁਸੀਂ ਬਿਜਲੀ ਦਾ ਸਮੋਕ ਅਲਾਰਮ ਬਦਲ ਰਹੇ ਹੋ ਤਾਂ ਜ਼ਰੂਰੀ ਹੈ ਕਿ ਉਨ੍ਹਾਂ ਦੀ ਜਗ੍ਹਾ ਬਿਜਲੀ ਦੇ ਸਮੋਕ ਅਲਾਰਮ ਹੀ ਲਗਾਇਆ ਜਾਏ, ਬੈਟਰੀ ਦਾ ਨਹੀਂ। ਜੇ ਤੁਸੀਂ ਆਪਸ ਵਿਚ ਕਨੈਕਟਡ ਬਿਜਲੀ ਦੇ ਸਮੋਕ ਅਲਾਰਮਾਂ ਨੂੰ ਕੰਮ ਨਾ ਕਰਨ ਕਾਰਣ ਬਦਲਣਾ ਹੈ ਤਾਂ ਯਕੀਨੀ ਬਣਾਉ ਕਿ ਉਨ੍ਹਾਂ ਸਭ ਦੀ ਜਗ੍ਹਾ ਅਨੁਕੂਲਤਾ ਕਾਇਮ ਰੱਖਣ ਲਈ ਉਸੇ ਉਤਪਾਦਕ ਦਾ ਬਣਿਆ ਹੋਇਆ ਅਤੇ ਉਹੀ ਮਾਡਲ ਲਗਾਇਆ ਜਾਏ। ਪੁਰਾਣੇ ਸਮੋਕ ਅਲਾਰਮ ਬਦਲਣ ਸਮੇਂ, ਉਨ੍ਹਾਂ ਅਲਾਰਮਾਂ ਨੂੰ ਲੈਣ ਦਾ ਸੋਚੋ, ਜਿਨ੍ਹਾਂ ਵਿਚ ਵੱਧ ਵਿਸ਼ੇਸ਼ਤਾਵਾਂ ਹੋਣ, ਜਿਵੇਂ (ਬਿਜਲੀ ਦੀ ਜਗ੍ਹਾ) ਬੈਟਰੀ ਦੀ ਸਹਾਇਤਾ ਨਾਲ ਵੀ ਚਲ ਸਕਦਾ ਹੋਵੇ ਝੂਠੇ ਅਲਾਰਮਾਂ ਨੂੰ ਚੁੱਪ ਕਰਾਉਣ ਲਈ ਉਸਤੇ ਇਕ "ਹੁਸ" ("hush") ਬਟਨ ਲਗਾ ਹੋਵੇ।

# ਸਮੋਕ ਅਲਾਰਮਾਂ ਦੀ ਸਾਂਭ ਸੰਭਾਲ ਅਤੇ ਪਰਖਾਂ (ਟੈਸਟਿੰਗ)

- ਤੁਹਾਡੇ ਪਰਿਵਾਰ ਨੂੰ ਤੁਹਾਨੂੰ ਸਿਰਫ ਇਕ ਕੰਮ ਕਰਦਾ ਸਮੋਕ ਅਲਾਰਮ ਹੀ ਬਚਾ ਸਕਦਾ ਹੈ।
- ਕਦੀ ਕਿਸੇ ਸਮੋਕ ਅਲਾਰਮ ਵਿਚੋਂ ਉਸਦੀ ਬੈਟਰੀ "ਉਧਾਰ" ਲੈਕੇ ਕਿਸੇ ਹੋਰ ਕੰਮ ਲਈ ਇਸਤੇਮਾਲ ਨਾ ਕਰੋ ਜਾਂ ਝੂਠੇ ਅਲਾਰਮਾਂ ਕਾਰਣ ਉਸਦੀਆਂ ਬੈਟਰੀਆਂ ਨਾ ਕੱਢੋ।
- ਹਰ ਮਹੀਨੇ ਅਲਾਰਮ ਟੈਸਟ ਬਟਨ ਇਸਤੇਮਾਲ ਕਰਕੇ, ਆਪਣੇ ਸਮੋਕ ਅਲਾਰਮ ਨੂੰ ਟੈਸਟ ਕਰੋ। ਉਤਪਾਦਕ ਦੀਆਂ ਹਿਦਾਇਤਾਂ ਅਨੁਸਾਰ, ਇਕ ਧੂਫ ਬੱਤੀ ਜਾਂ ਧੁਖੇਦੀ ਸੂਤੀ ਨਾੜੇ ਦੇ ਇਸਤੇਮਾਲ ਨਾਲ ਸਮੇਂ ਸਮੇਂ ਧੂਏਂ ਨਾਲ ਆਪਣੇ ਸਮੋਕ ਅਲਾਰਮ ਨੂੰ ਟੈਸਟ ਕਰਨਾ ਵੀ ਉਚਿਤ ਹੈ।
- ਸਾਲ ਵਿਚ ਘੱਟੋ ਘੱਟ ਇਕ ਵਾਰ ਨਵੀਆਂ ਬੈਟਰੀਆਂ ਪਾਉ। ਇਸ ਨੂੰ ਯਾਦ ਰੱਖਣ ਲਈ ਇਹ ਕਰੋ ਕਿ ਜਦੇ ਤੁਸੀਂ ਘੜੀਆਂ ਦਾ ਸਮਾਂ ਬਦਲੋਗੇ (ਬਹਾਰ ਜਾਂ ਪਤਝੜ ਵਿਚ) ਬੈਟਰੀ ਵੀ ਬਦਲ ਦਿਉ। ਸਮੋਕ ਅਲਾਰਮ ਵਿਚ ਕਿਸੇ ਉਤਪਾਦਕ ਵਲੋਂ ਸਿਫ਼ਾਰਸ਼ ਕੀਤੀ ਗਈ ਐਲਕੇਲਾਈਨ ਬੈਟਰੀਆਂ ਇਸਤੇਮਾਲ ਕਰੋ।
- ਉਤਪਾਦਕ ਦੀਆਂ ਹਿਦਾਇਤਾਂ ਦੀ ਪਾਲਣਾ ਕਰਦਿਆਂ ਹਰ ਛੇ ਮਹੀਨੇ ਬਾਅਦ ਸਮੋਕ ਅਲਾਰਮ ਵਿਚੋਂ ਮਿਟੀ ਝਾੜ ਦਿਉ।
- ਸਮੋਕ ਅਲਾਰਮ ਹਮੇਸ਼ਾ ਲਈ ਨਹੀਂ ਹੁੰਦੇ। ਦਸ ਸਾਲ ਤੋਂ ਵੱਧ ਪੁਰਾਣਾ ਜਿਹੜਾ ਵੀ ਸਮੋਕ ਅਲਾਰਮ ਹੈ ਉਸਨੂੰ ਬਦਲ ਦਿਉ।

*ਨੋਟ: ਇਥੇ ਘਰ ਸ਼ਬਦ 'ਵਿਆਪਕ' ਵਜੋਂ ਇਸਤੇਮਾਲ ਕੀਤਾ ਗਿਆ ਹੈ ਅਤੇ ਇਸ ਵਿਚ ਹਰ ਤਰ੍ਹਾਂ ਦੀ ਰਿਹਾਇਸ਼ ਦੀ ਜਗ੍ਹਾ ਸ਼ਾਮਲ ਹੈ।*



## ਇਹ ਕਾਨੂੰਨ ਹੈ

1. **ਸਮੋਕ ਅਲਾਰਮ, ਮਾਲਕ ਵੱਲੋਂ ਕੰਮਕਾਜੀ ਸਥਿਤੀ ਵਿਚ ਸਾਂਭ ਸੰਭਾਲੇ ਜਾਣਗੇ।**
2. **ਕਿਰਾਏ ਦੀਆਂ ਯੂਨਿਟਾਂ ਵਿਚ ਮਾਲਕ ਮਕਾਨ ਸਮੋਕ ਅਲਾਰਮ ਦੇ ਉਤਪਾਦਨ ਦੀਆਂ ਸਾਂਭ ਸੰਭਾਲ ਦੀਆਂ ਹਿਦਾਇਤਾਂ ਦੀ ਇੱਕ ਕਾਪੀ [ਜਾਂ ਕੋਈ ਹੋਰ ਬਦਲ ਜਿਸ ਨੂੰ ਅੱਗ ਦੇ ਮੁੱਖੀ (ਫਾਇਰ ਚੀਫ) ਨੇ ਮੰਜ਼ੂਰੀ ਦਿੱਤੀ ਹੋਵੇ] ਉਸ ਯੂਨਿਟ ਵਿਚ ਰਹਿਣ ਵਾਲੇ ਨੂੰ ਦੇਵੇਗਾ।**
3. **ਕੋਈ ਵੀ ਵਿਅਕਤੀ ਸਮੋਕ ਅਲਾਰਮ ਨੂੰ ਜਾਣ ਬੁਝ ਕੇ ਇਸ ਤਰ੍ਹਾਂ ਖਰਾਬ ਨਹੀਂ ਕਰੇਗਾ ਕਿ ਉਹ ਮੁੜ ਕੰਮ ਹੀ ਨਾ ਕਰ ਸਕੇ।**

## ਆਖ਼ਰੀ ਪਰ ਘੱਟ ਅਹਿਮ ਨਹੀਂ
## ਆਪਣੇ ਬਚਾਅ ਦੀ ਯੋਜਨਾ ਬਣਾਉ

ਤੁਹਾਡੇ ਲਈ ਇਹ ਅਹਿਮ ਹੈ, ਕਿ ਤੁਹਾਡੇ ਕੋਲ ਅੱਗ ਤੋਂ ਬਚਣ ਦਾ ਇਕ ਨਕਸ਼ਾ ਹੋਵੇ, ਜਿਸ ਵਿਚ ਬਾਹਰ ਜਾਣ ਦੇ ਸਾਰੇ ਸੰਭਾਵੀ ਰਸਤੇ ਦਿੱਸਦੇ ਹੋਣ।

ਜੇ ਤੁਸੀਂ ਇਕ ਬਹੁ ਮੰਜ਼ਲੀ ਅਪਾਰਟਮੈਂਟ ਵਿਚ ਰਹਿੰਦੇ ਹੋ, ਤਾਂ ਆਪਣੀ ਮੰਜ਼ਲ ਤੋਂ ਬਾਹਰ ਨਿਕਲਨ ਦੀਆਂ ਪੌੜੀਆਂ ਦੇ ਰਸਤੀਆਂ ਦਾ ਨਕਸ਼ਾ ਬਣਾਉ।

- ਯਾਦ ਰੱਖੋ, ਅੱਗ ਤੋਂ ਬਚਣ ਲਈ ਲਿਫ਼ਟਾਂ ਦਾ ਇਸਤੇਮਾਲ **ਕਦੀ ਨਹੀਂ** ਕਰੋ। ਆਪਣੇ ਘਰ ਤੋਂ ਬਾਹਰ ਇਕ ਮਿਲਣ ਵਾਲੀ ਥਾਂ ਨਿਸ਼ਚਤ ਕਰੋ ਜਿਥੇ ਬਚ ਕੇ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਮਿਲਣਗੇ।


- ਆਪਣੇ ਬਚਣ ਦੀ ਯੋਜਨਾ ਦਾ ਅਭਿਆਸ ਘੱਟੋ ਘੱਟ ਸਾਲ ਵਿਚ ਦੋ ਵਾਰ ਕਰੋ। ਆਪਣੀ ਡਰਿੱਲ ਉਦੋਂ ਕਰੋ, ਜਦ ਦਰਵਾਜ਼ੇ ਬੰਦ ਕਰਕੇ ਸਭ ਆਪਣੇ ਆਪਣੇ ਬਿਸਤਰਾਂ ਵਿਚ ਹੋਣ। ਇਕ ਵਿਅਕਤੀ ਅਲਾਰਮ ਵਜਾਂਦਾ ਹੈ ਤਾਂ ਪਰਿਵਾਰ ਦਾ ਹਰ ਮੈਂਬਰ ਰਿੜਕੇ ਜਾਂ ਨੀਵਾਂ ਹੋਕੇ ਘਰ ਤੋਂ ਬਾਹਰ ਨਿਕਲਦਾ ਹੈ ਅਤੇ ਮਿਲਣ ਵਾਲੀ ਥਾਂ ਤੇ ਪਹੁੰਚਦਾ ਹੈ। ਅੱਖਾਂ ਤੇ ਪੱਟੀ ਬੰਨ੍ਹ ਕੇ ਜਾਂ ਅੱਖਾਂ ਘੁੱਟ ਕੇ ਬੰਦ ਕਰਕੇ ਇਸ ਡਰਿੱਲ ਦਾ ਅਭਿਆਸ ਕਰਨ ਦਾ ਸਹੀ ਵਿਚਾਰ ਹੈ ਅਤੇ ਅੱਖਾਂ ਘੁੱਟ ਕੇ ਅਸਲੀ ਅੱਗ ਦੇ ਅਨੁਭਵ ਨੂੰ ਜ਼ਿਆਦਾ ਚੰਗੀ ਤਰ੍ਹਾਂ ਮਹਿਸੂਸ ਕੀਤਾ ਜਾ ਸਕਦਾ ਹੈ।

**ਯਾਦ ਰੱਖੋ ਅਸਲੀ ਅੱਗ ਵਿਚ ਜੇ ਤੁਸੀਂ ਬਾਹਰ ਆ ਗਏ ਹੋ ਤਾਂ ਬਾਹਰ ਹੀ ਰਹੋ! ਬਲਦੀ ਇਮਾਰਤ ਵਿਚ ਮੁੜ ਨਹੀਂ ਵਾਪਸ ਜਾਉ!**

## ਇਨਸਪੇਕਸ਼ਨ ਆਫੈਂਸਿਸ ਐਂਡ ਏਨਫ਼ੋਰਸਮੈਂਟ

**ਪਾਰਟ VI** ਅੱਗ ਤੇ ਸੁਰੱਖਿਅਤਾ ਅਤੇ ਅੱਗ ਨੂੰ ਰੋਕਣ ਬਾਰੇ ਕਾਨੂੰਨ (Fire Protection and Prevention Act) ਮਿਉਨਿਸੀਪਲ ਦੇ ਅੱਗ ਸਬੰਧੀ ਇਨਸਪੈਕਟਰਾਂ ਨੂੰ ਅੱਗ ਦੀ ਸੁਰੱਖਿਅਤਾ ਦਾ ਜਾਇਜ਼ਾ ਲੈਣ ਲਈ ਘਰਾਂ ਵਿਚ ਦਾਖਲ ਹੋਣ ਅਤੇ ਉਨ੍ਹਾਂ ਦਾ ਮੁਆਇਨਾ ਕਰਨ ਦੀ ਆਗਿਆ ਦੇਂਦੇ ਹਨ। ਇਸ ਮੁਆਇਨੇ ਵਿਚ ਸਮੋਕ ਅਲਾਰਮਾਂ ਦਾ ਸਹੀ ਲਗਿਆ ਹੋਣਾ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਸ਼ਾਮਲ ਹੋ ਸਕਦੀ ਹੈ।

**ਪਾਰਟ VII** ਅੱਗ ਤੇ ਸੁਰੱਖਿਅਤਾ ਅਤੇ ਅੱਗ ਨੂੰ ਰੋਕਣ ਬਾਰੇ ਕਾਨੂੰਨ (Fire Protection and Prevention Act) ਤਹਿਤ ਹਰ ਉਸ ਵਿਅਕਤੀ ਨੂੰ ਜੁਰਮਾਨਾ ਹੋਏਗਾ ਜੋ ਕਾਨੂੰਨ ਅਤੇ ਓਂਟਾਰੀਓ ਫਾਇਰ ਕੋਡ (Ontario Fire Code) ਦੀ ਉਲੰਘਣਾ ਕਰਦਾ ਹੈ, ਜਿਸ ਵਿਚ ਰਿਹਾਇਸ਼ੀ ਘਰਾਂ ਵਿਚ ਸਮੋਕ ਅਲਾਰਮਾਂ ਦਾ ਲਗਾਉਣਾ ਅਤੇ ਸਾਂਭ ਸੰਭਾਲ ਕਰਨਾ ਸ਼ਾਮਲ ਹੈ।




# ਸਮੋਕ ਅਲਾਰਮ ਚੁਣਨਾ

ਜਿਨ੍ਹਾਂ ਸਮੋਕ ਅਲਾਰਮਾਂ ਦੀ ਜ਼ਰੂਰਤ ਹੈ (ਓਂਟਾਰੀਓ ਬਿਲਡਿੰਗ ਕੋਡ [Ontario Building Code] ਤਹਿਤ ਲਗਾਏ ਜਾਣ ਵਾਲੇ) ਉਨ੍ਹਾਂ ਨੂੰ ਘਰ ਦੀ ਬਿਜਲੀ ਦੇ ਸਰਕਿਟ ਨਾਲ ਕਨੈੱਕਟ ਕਰਨਾ (ਜੋੜਨਾ) ਜ਼ਰੂਰੀ ਹੈ। ਵਧੀਕ ਸਮੋਕ ਅਲਾਰਮ ਜਾਂ ਉਹ ਜੋ ਓਂਟਾਰੀਓ ਫਾਇਰ ਕੋਡ ਦੀਆਂ ਧਾਰਾਵਾਂ ਤਹਿਤ ਲਗਾਏ ਗਏ ਹਨ ਨੂੰ ਘਰ ਦੇ ਬਿਜਲਾਈ ਸਰਕਿਟ ਨਾਲ ਜੋੜਿਆ ਜਾ ਸਕਦਾ ਹੈ, ਬੈਟਰੀ ਨਾਲ ਚਲਾਏ ਜਾ ਸਕਦੇ ਹਨ, ਜਾਂ ਦੋਹਾਂ ਦੇ ਸੁਮੇਲ ਨਾਲ ਚਲਾਏ ਜਾ ਸਕਦੇ ਹਨ। ਸਮੋਕ ਅਲਾਰਮ ਦੋ ਤਰ੍ਹਾਂ ਦੇ ਹੁੰਦੇ ਹਨ, ਆਇਨੀਕਰਣ (ਤੇਜ਼ ਲਾਟਾਂ ਨਿਕਲਦੀਆਂ) ਅਤੇ ਫੋਟੋਇਲੈਕਟ੍ਰਿਕ (ਹੌਲੀ ਹੌਲੀ ਸੁਲਗਣ ਵਾਲੀ ਅਤੇ ਧੁਖਦੀ ਅੱਗ) ਜੋ ਚਲਣ ਤੋਂ ਵੱਖ ਵੱਖ ਸਿਧਾਂਤਾਂ ਅਨੁਸਾਰ ਚਲਦੇ ਤੇ ਕੰਮ ਕਰਦੇ ਹਨ। ਆਪਣੇ ਪਰਿਵਾਰ ਦੀ ਸਹੀ ਸੁਰੱਖਿਆ ਕਰਨ ਲਈ ਤੁਹਾਨੂੰ ਆਪਣੇ ਘਰ ਵਿਚ ਦੋਹਾਂ ਤਰ੍ਹਾਂ ਦੇ ਸਮੋਕ ਅਲਾਰਮ ਲਗਵਾਉਣੇ ਚਾਹੀਦੇ ਹਨ। ਇਹ ਦੋ ਕਾਰਣਾਂ ਕਰਕੇ ਬਹੁਤ ਅਹਿਮ ਹੈ।

1. ਤੁਹਾਡਾ ਪਰਿਵਾਰ ਦੋਹਾਂ ਤਰ੍ਹਾਂ ਦੀਆਂ ਅੱਗਾਂ ਤੋਂ ਸੁਰੱਖਿਅਤ ਹੋ ਜਾਏਗਾ (ਤੇਜ਼ ਲਾਟਾਂ ਵਾਲੀ ਅਤੇ ਹੌਲੀ ਹੌਲੀ ਸੁਲਗਣ ਵਾਲੀ ਅੱਗ)

2. ਆਪਣੇ ਘਰ ਦੇ ਹਰ ਹਿੱਸੇ ਲਈ ਸਮੋਕ ਅਲਾਰਮਾਂ ਦੀ ਸਹੀ ਚੋਣ, 'ਝੂਠੇ ਖਪ ਪਾਣ ਵਾਲੇ ਅਲਾਰਮਾਂ' ਨੂੰ ਖਤਮ ਕਰ ਦੇਵੇਗੀ ਜਾਂ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਕਰ ਦੇਵੇਗੀ। ਝੂਠੇ, ਖਪ ਪਾਣ ਵਾਲੇ ਅਲਾਰਮ ਨਾਲ ਇਹ ਸੰਭਾਵਨਾ ਹੈ, ਕਿ ਤੁਹਾਡਾ ਪਰਿਵਾਰ ਅਸਲੀ ਘਾਤਕ ਸਥਿਤੀ ਵੱਲ ਉਦੋਂ ਧਿਆਨ ਨਾ ਦੇਵੇ, ਜਦੋਂ ਇਕ ਅਸਲੀ ਅੱਗ ਲਗਣ ਤੇ ਸਮੋਕ ਅਲਾਰਮਾਂ ਵਜੇ। **ਅਸਲੀ ਅੱਗ ਲਗਣ ਸਮੇਂ ਤੁਹਾਡੇ ਪਰਿਵਾਰ ਕੋਲ ਸਮੋਕ ਅਲਾਰਮ ਵਜਣ ਤੋਂ ਬਾਅਦ ਬਚ ਕੇ ਨਿਕਲਨ ਲਈ ਇਕ ਮਿੰਟ ਤੋਂ ਵੀ ਘੱਟ ਸਮਾਂ ਹੈ।** ਹੇਠ ਲਿਖਿਆਂ ਚਾਰਟ ਦੋਹਾਂ ਤਰ੍ਹਾਂ ਦੇ ਸਮੋਕ ਅਲਾਰਮਾਂ ਦੇ ਤੁਲਨਾਤਮਕ ਫ਼ਾਇਦੇ ਵਿਖਾਉਂਦਾ ਹੈ:

| **ਸਮੋਕ ਅਲਾਰਮ:** | **ਆਇਓਨਾਇਜੇਸ਼ਨ** | **ਪ੍ਰਕਾਸ਼ ਬਿਜਲੀ** |
|---|---|---|
| ਬੈਟਰੀ ਦੀ ਸ਼ਕਤੀ ਨਾਲ ਚਲਦਾ ਹੈ | ✓ | ✓ |
| ਬਿਜਲੀ ਨਾਲ ਚਲਣ ਵਾਲਾ | ✓ | ✓ |
| ਸਭ ਤੋਂ ਵੱਧ ਆਮ ਲਗਾਇਆ ਗਿਆ (ਘੱਟ ਕੀਮਤ) | ✓ | |
| ਤੇਜ਼ੀ ਨਾਲ ਫੈਲ ਰਹੀਆਂ ਅੱਗ ਦੀਆਂ ਲਾਟਾਂ ਦਾ ਸਭ ਤੋਂ ਵਧੀਆ ਸੁਰਾਗ | ✓ | |
| ਹੌਲੀ ਹੌਲੀ ਸੁਲਗਦੀਆਂ ਅੱਗਾਂ ਦਾ ਸਭ ਤੋਂ ਵਧੀਆ ਸੁਰਾਗ | | ✓ |
| ਫਾਲਤੂ ਦੇ ਅਲਾਰਮਾਂ ਦਾ ਝੁਕਾਅ (ਰਸੋਈ ਅਤੇ ਗੁਸਲਖ਼ਾਨਿਆਂ ਦੇ ਨੇੜੇ) | ✓ | |
| ਫਾਲਤੂ ਅਲਾਰਮ ਕਦੀ ਹੀ ਕਰਦੇ ਹਨ | | ✓ |



# ਅੱਗ ਨੂੰ ਲਗਣ ਤੋਂ ਰੋਕਣਾ
# ਇਹ ਤੁਹਾਡੇ ਲਈ ਹੈ

ਆਪਣੇ ਪਰਿਵਾਰ ਨੂੰ ਅੱਗ ਤੋਂ ਸਭ ਤੋਂ ਵਧੀਆ ਸੁਰੱਖਿਅਤਾ ਉਪਲਬਧ ਕਰਨ ਲਈ:

ਅੱਗ ਤੋਂ ਸੁਰੱਖਿਅਤ ਰਹਿਣ ਦੀਆਂ ਚੰਗੀਆਂ ਆਦਤਾਂ ਦਾ ਅਭਿਆਸ ਕਰਕੇ ਅੱਗਾਂ ਨੂੰ ਲਗਣ ਤੋਂ ਰੋਕੋ।

ਇਹ ਯਕੀਨੀ ਬਣਾ ਕੇ, ਕਿ ਸਮੋਕ ਅਲਾਰਮ ਸਹੀ ਤਰ੍ਹਾਂ ਲਗੇ ਹੋਏ ਹਨ ਅਤੇ ਇਨ੍ਹਾਂ ਦੀ ਸਾਂਭ ਸੰਭਾਲ ਠੀਕ ਤਰ੍ਹਾਂ ਹੋ ਰਹੀ ਹੈ, ਅੱਗ ਦੀ ਜਾਣਕਾਰੀ ਅੱਗਾਂ ਦੀ ਸ਼ੁਰੂਆਤੀ ਸਟੇਜ ਤੋਂ ਹੀ ਲਉ।

ਅੱਗ ਤੋਂ ਬਚਣ ਲਈ ਪਰਿਵਾਰ ਦਾ ਬਚਣ ਦੀ ਯੋਜਨਾ ਬਣਾਉ ਅਤੇ ਸਾਲ ਵਿਚ ਘੱਟੋ ਘੱਟ ਦੋ ਵਾਰ ਅਭਿਆਸ ਕਰੋ।

ਹੋਰ ਵੱਧ ਜਾਣਕਾਰੀ ਲਈ ਸਾਡੀ ਪਬਲਿਕ ਐਜੂਕੇਸ਼ਨ ਆਫਿਸ ਨੂੰ 905-896-5908 ’ਤੇ ਕਾੱਲ ਕਰੋ ਜਾਂ ਸਾਡੀ ਵੈੱਬਸਾਈਟ www. mississauga.ca ਵੇਖੋ

MISSISSAUGA
*Leading today for tomorrow*

380/2009